## ਦਾਅਵਾ ਕਰਨ ਵਾਲ਼ੇ ਨੂੰ

## ਇਹ ਡਾਕੂਮੈਂਟ ਕਿਸ ਸਬੰਧੀ ਹੈ?

ਜੇ ਤੁਸੀਂ ਉਨ੍ਹਾਂ ਬਹੁਤ ਸਾਰੇ ਦਾਅਵਾ ਕਰਨ ਵਾਲ਼ਿਆਂ 'ਚੋਂ ਹੋ ਜਿਹੜੇ ਪਹਿਲਾਂ ਪਰਸਨਲ ਇੰਜਰੀ ( ਵਿਅਕਤੀ ਦੇ ਲੱਗੀ ਸੱਟ ਚੋਟ) ਸਬੰਧੀ ਸਾਲਸੀ ਪ੍ਰਕਿਰਿਆ 'ਚ ਨਹੀਂ ਗਏ। ਤੁਸੀਂ ਜਾਣਦੇ ਹੋ ਕਿ ਇਹ ਮਹੱਤਵਪੂਰਨ ਹੈ ਪਰ ਤੁਸੀਂ ਇਹ ਪੂਰੀ ਤਰ੍ਹਾਂ ਨਹੀਂ ਜਾਣਦੇ ਕਿ ਤੁਹਾਥੋਂ ਕੀ ਆਸ ਹੈ ਅਤੇ ਇਸ ਪ੍ਰਕਿਰਿਆ 'ਚ ਤੁਸੀਂ ਅਸਲ 'ਚ ਕੀ ਆਸ ਰੱਖ ਸਕਦੇ ਹੋ।

ਜੋ ਸਾਲਸ ਹੁੰਦਾ ਹੈ ਉਹ ਇੱਕ ਵਕੀਲ ਵਾਂਗ ਕੰਮ ਨਹੀਂ ਕਰਦਾ ਅਤੇ ਇਸੇ ਲਈ ਤੁਹਾਡੇ ਕੇਸ 'ਚ ਖ਼ਾਸ ਨੁਕਤਿਆਂ 'ਤੇ ਕਾਨੂੰਨੀ ਸਲਾਹ ਨਹੀਂ ਦੇ ਸਕਦਾ। ਪਰ ਉਹ ਪ੍ਰਕਿਰਿਆ ਦੇਣ ਦਾ ਜ਼ੁੰਮੇਵਾਰ ਹੈ ਜਿਸ ਨਾਲ਼ ਸਾਰੀਆਂ ਧਿਰਾਂ ਨੂੰ ਸੁਣਨ ਅਤੇ ਆਪਣਾ ਪੱਖ ਪੇਸ਼ ਕਰਨ ਦਾ ਅਤੇ ਦੂਜੇ ਦੇ ਪੱਖ ਨੂੰ ਸੁਣਨ ਦਾ ਮੌਕਾ ਮਿਲਦਾ ਹੈ। ਇੱਕ ਸਾਲਸ ਹੋਣ ਦੇ ਨਾਤੇ ਸਾਲਸੀ ਪ੍ਰਕਿਰਿਆ ਸਬੰਧੀ ਜੋ ਮੈਂ ਪਿਛਲੇ 15 ਸਾਲਾਂ ਤੋਂ ਸੁਣਿਆ ਹੈ ਉਨ੍ਹਾਂ 'ਸਚਾਈਆਂ' ਨੂੰ ਹੀ ਹੇਠਾਂ ਪੇਸ਼ ਕਰ ਰਿਹਾ ਹਾਂ। ਇਹ ਮੈਂ ਇਸ ਲਈ ਕਰ ਰਿਹਾ ਹਾਂ ਕਿ ਪਹਿਲਾਂ ਦਿੱਤੀ ਇਹ ਜਾਣਕਾਰੀ ਨਾਲ਼ ਤੁਸੀਂ ਲੋੜ ਪੈਣ ‘ਤੇ ਸਾਲਸੀ ਦਾ ਪੂਰਾ ਫਾਇਦਾ ਲੈ ਸਕੋ।

ਇਸ ਨੂੰ ਪੜ੍ਹਦੇ ਸਮੇਂ ਇਹ ਗੱਲ ਧਿਆਨ 'ਚ ਰੱਖਣਾ ਕਿ ਸਾਲਸੀ ਗੈਰ ਰਸਮੀ ਪ੍ਰਕਿਰਿਆ ਹੈ ਜਿਹੜੀ ਹਰ ਸਾਲਸੀ ਦੇ ਦਿਨ ਦੋਵਾਂ ਧਿਰਾਂ ਦੀਆਂ ਵਿਅਕਤੀਗਤ ਲੋੜਾਂ ਨੂੰ ਮੁੱਖ ਰੱਖ ਕੇ ਸੋਧ ਲਈ ਜਾਂਦੀ ਹੈ।ਜੋ ਮੈਂ ਇੱਥੇ ਦੱਸ ਰਿਹਾ ਹਾਂ ਉਹ ਹੈ ਆਮ ਢੰਗ ਜਿਸ ਤਰ੍ਹਾਂ ਗੱਲਬਾਤ ਸ਼ੁਰੂ ਕੀਤੀ ਜਾਂਦੀ ਹੈ।ਤੁਹਾਡੀ ਕਿਸੇ ਖ਼ਾਸ ਸਾਲਸੀ ਸਮੇਂ ਕੁੱਝ ਫਰਕ ਪੈ ਸਕਦਾ ਹੈ। ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਸਮੇਂ ਮੁਤਾਬਕ ਕਿਸ ਗੱਲ ਦੀ ਲੋੜ ਹੈ।

## ਕੀ ਹੈ ਸਾਲਸੀ ਜਾਂ ਮੈਡੀਏਸ਼ਨ

ਸਾਲਸੀ ਇੱਕ ਉਹ ਸੁਰੱਖਿਅਤ ਪ੍ਰਕਿਰਿਆ ਹੈ ਜਿਸ 'ਚ ਸਮਝੌਤੇ ਲਈ ਉਸ ਮੌਕੇ ਬਹੁਤ ਸਾਰੇ ਪੂਰਨ ਬਦਲ ਹੁੰਦੇ ਹਨ ਜਿਨ੍ਹਾਂ ਨੂੰ ਪੂਰਾ ਕਰਕੇ ਉਸ 'ਤੇ ਅਮਲ ਕੀਤਾ ਜਾ ਸਕਦਾ ਹੈ।

ਇਹ ਸਭ ਇਹ ਯਕੀਨੀ ਬਣਾ ਕੇ ਕੀਤਾ ਜਾਂਦਾ ਹੈ ਕਿ ਹਰ ਇੱਕ ਨੂੰ

* ਇਹ ਮੌਕਾ ਮਿਲੇ ਕਿ ਉਹ ਸਾਰੇ ਬਦਲ ਅਤੇ ਜਾਣਕਾਰੀ ਪੇਸ਼ ਕਰ ਸਕਣ ਜਿਹੜੀ ਉਨ੍ਹਾਂ ਲਈ ਸਹਾਈ ਹੋਵੇ।
* ਇਹ ਮੌਕਾ ਮਿਲੇ ਕਿ ਸਾਰੇ ਬਦਲਾਂ ਅਤੇ ਜਾਣਕਾਰੀ ਨੂੰ ਇਕੱਠਾ ਕਰਕੇ ਸਮਝੌਤੇ ਦੇ ਬਦਲਾਂ ਦੀ ਪੂਰੀ ਤਸਵੀਰ ਸਮਝ ਸਕੇ।
* ਕੋਈ ਵੱਖਰੀ ਥਾਂ ਮਿਲੇ ਜਿੱਥੇ ਬੈਠ ਕੇ ਉਹ ਇਹ ਫੈਸਲਾ ਕਰ ਸਕੇ ਕਿ ਉਸ ਨੇ ਇਹ ਫੈਸਲਾ ਮੰਨਣਾ ਹੈ ਜਾਂ ਨਹੀਂ।

## ਇਹ ਸੁਰੱਖਿਅਤ ਕਿਵੇਂ ਹੈ?

**ਤਿੰਨ ਕਾਰਨ ਹਨ:**

1. ਸਾਲਸੀ 'ਚ ਸ਼ਾਮਲ ਸਾਰੀਆਂ ਧਿਰਾਂ ਇੱਕ ਲਿਖਤੀ ਇਕਰਾਰਨਾਮੇ 'ਤੇ ਦਸਖਤ ਕਰਕੇ ਸਹਿਮਤੀ ਦਿੰਦੀਆਂ ਹਨ ਕਿ ਜੇ ਇਸ ਅਮਲ 'ਚ ਕੋਈ ਸਮਝੌਤਾ ਨਹੀਂ ਹੁੰਦਾ ਤਾਂ ਜੇ ਅੱਗੇ ਕੇਸ ਚੱਲਿਆ ਤਾਂ ਜੋ ਕੁੱਝ ਵੀ ਹੋਇਆ ਉਹ ਰਿਕਾਰਡ ਵਜੋਂ ਅਦਾਲਤੀ ਕਾਰਵਾਈ ਦਾ ਹਿੱਸਾ ਨਹੀਂ ਬਣੇਗਾ।

2. ਸਬੰਧਤ ਧਿਰਾਂ 'ਤੇ ਸਾਲਸ ਜਾਂ ਕੋਈ ਹੋਰ ਸਮਝੋਤਾ ਠੋਸ ਨਹੀਂ ਸਕਦਾ। ਜੇ ਕੋਈ ਵੀ ਸਮਝੌਤਾ ਹੁੰਦਾ ਹੈ ਤਾਂ ਉਸ ਲਈ ਤੁਹਾਡੀ ਸਹਿਮਤੀ ਜ਼ਰੂਰੀ ਹੈ।

3. ਸਾਲਸ ਵਜੋਂ ਮੇਰੇ ਕੰਮ ਦਾ ਇਹ ਵੀ ਇੱਕ ਜ਼ਰੂਰੀ ਹਿੱਸਾ ਹੈ ਕਿ ਇਸ ਗੱਲ ਨੂੰ ਵੀ ਯਕੀਨੀ ਬਣਾਇਆ ਜਾਵੇ ਕਿ ਕੀ ਤੁਹਾਨੂੰ ਇਸ ਕਾਰਵਾਈ ਸਬੰਧੀ ਮਹੱਤਵਪੂਰਨ ਫੈਸਲਾ ਲੈਣ ਤੋਂ ਪਹਿਲਾਂ ਆਪਣੇ ਵਕੀਲ ਨਾਲ਼ ਗੱਲ ਕਰਕੇ ਕਾਨੂੰਨੀ ਸਲਾਹ ਲੈਣ ਲਈ ਪ੍ਰਾਈਵੇਟ ਸਮਾਂ ਵੀ ਮਿਲਿਆ ਹੈ।

ਇਨ੍ਹਾਂ ਤਿੰਨਾਂ ਗੱਲਾਂ ਦਾ ਅਰਥ ਇਹ ਹੈ ਕਿ ਜੇ ਅੰਤ 'ਚ ਤੁਹਾਡੇ ਵਕੀਲ ਦੀ ਸਲਾਹ ਮਿਲਣ ਤੋਂ ਬਾਅਦ ਸਾਲਸੀ ਦੌਰਾਨ ਪੇਸ਼ ਕੀਤੀਆਂ ਸਮਝੌਤੇ ਦੀਆਂ ਪੇਸ਼ਕਸ਼ਾਂ 'ਚੋਂ ਤੁਹਾਨੂੰ ਕੋਈ ਵੀ ਮਨਜ਼ੂਰ ਨਹੀਂ ਤਾਂ ਤੁਹਾਨੂੰ ਖੁੱਲ੍ਹੀ ਛੁੱਟੀ ਹੈ ਕਿ ਤੁਸੀਂ ਆਪਣਾ ਕੇਸ ਇਹ ਸਮਝ ਕੇ ਜਾਰੀ ਰੱਖ ਸਕਦੇ ਹੋ ਕਿ ਸਾਲਸੀ ਦੀ ਕੋਈ ਗੱਲਬਾਤ ਹੋਈ ਹੀ ਨਹੀਂ। ਨਾ ਹੀ ਉਹ ਕੋਈ ਵੀ ਗੱਲ ਜੋ ਤੁਸੀਂ ਸਾਲਸੀ ਦੌਰਾਨ ਕਹੀ ਹੈ ਸਬੂਤ ਵਜੋਂ ਪੇਸ਼ ਕੀਤੀ ਜਾ ਸਕੇਗੀ। ਜਦੋਂ ਹੀ ਸਾਲਸੀ ਦੀ ਪ੍ਰਕਿਰਿਆ ਖ਼ਤਮ ਹੋ ਗਈ ਤਾਂ ਸਮਝੌਤਾ ਕਰਾਉਣ ਸਮੇਂ ਤੁਹਾਡੇ ਵੱਲੋਂ ਲਿਆ ਗਿਆ ਕੋਈ ਵੀ ਸਟੈਂਡ ਬਾਅਦ 'ਚ ਕਾਨੂੰਨੀ ਤੌਰ 'ਤੇ ਤੁਹਾਡੇ 'ਤੇ ਲਾਗੂ ਨਹੀਂ ਹੋ ਸਕਦਾ ।

**ਸਬੰਧਤ ਧਿਰਾਂ ਕਿਸ ਤਰ੍ਹਾਂ ਆਪਣੇ ਹੱਕ 'ਚ ਆਪਣੇ ਵਿਚਾਰ ਅਤੇ ਜਾਣਕਾਰੀ ਪੇਸ਼ ਕਰ ਸਕਦੀਆਂ ਹਨ?**

ਸਾਲਸੀ ਦੀ ਪ੍ਰਕਿਰਿਆ ਤੋਂ ਪਹਿਲਾਂ ਬਹੁਤ ਸਾਰੀ ਜਾਣਕਾਰੀ ਲਈ ਅਤੇ ਦਿੱਤੀ ਜਾਂਦੀ ਹੈ।ਲਿਖਤੀ ਸਬੂਤ ਪੇਸ਼ ਕੀਤੇ ਜਾਂਦੇ ਹਨ, ਦਸਤਾਵੇਜ਼ ਲਏ ਅਤੇ ਦਿੱਤੇ ਜਾਂਦੇ ਹਨ, ਨਿਯਮਤ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ ਅਤੇ ਜ਼ਬਾਨੀ ਜਾਣਕਾਰੀ ਦਾ ਆਦਾਨ ਪ੍ਰਦਾਨ ਹੁੰਦਾ ਹੈ। ਜ਼ਬਾਨੀ ਜਾਣਕਾਰੀ ਵਿਧਵਿਤ ਮੀਟਿੰਗਾਂ ਹੁੰਦੀਆਂ ਹਨ ਜਿੱਥੇ ਕਿ ਦੂਜੀ ਧਿਰ ਦਾ ਵਕੀਲ ਤੁਹਾਨੂੰ ਸਹੁੰ ਚੁਕਾ ਕੇ ਸਵਾਲ ਪੁੱਛਦਾ ਹੈ। ਤੁਹਾਡੇ ਇਹ ਜਵਾਬ ਕਾਨੂੰਨ ਅਨੁਸਾਰ ਰਿਕਾਰਡ ਕੀਤੇ ਜਾਂਦੇ ਹਨ।ਜਿਹੜੇ ਮੁਕੱਦਮੇ ਦੀ ਸੁਣਵਾਈ ਸਮੇਂ ਸਿੱਧੇ ਸਬੂਤ ਦੇ ਤੌਰ ‘ਤੇ ਪੇਸ਼ ਕੀਤੇ ਜਾ ਸਕਦੇ ਹਨ।

ਆਖਰਕਾਰ ਸਾਲਸੀ ਤੋਂ ਐਨ੍ਹ ਪਹਿਲਾਂ ਸਬੰਧਤ ਧਿਰਾਂ ਸਮਝੌਤੇ ਲਈ ਆਪਣੀ ਸਥਿਤੀ ਸਬੰਧੀ ਬਿਆਨਾਂ ਦਾ ਅਦਾਨ ਪਰਦਾਨ ਕਰਦੀਆਂ ਹਨ। ਇਹ ਬਿਆਨ ਵੀ ਸਾਲਸੀ ਮਾਹੌਲ 'ਚ ਹੋਈ ਹੋਰ ਜਾਣਕਾਰੀ ਦੇ ਅਦਾਨ ਪ੍ਰਦਾਨ ਵਾਂਗ ਮੁਕੱਦਮੇ 'ਚ ਉਪਲਭਧ ਨਹੀਂ ਹੁੰਦਾ।

ਆਪਣੇ ਵਕੀਲ ਨਾਲ ਵੱਖਰੀ ਮੀਟਿੰਗ ਕਰਨ ਅਤੇ ਫਿਰ ਸਾਲਸ ਅਤੇ ਫਿਰ ਆਪਣੇ ਵਕੀਲ ਨਾਲ਼ ਮੀਟਿੰਗ ਕਰਨ ਤੋਂ ਬਾਅਦ ਸਾਲਸੀ ਵਾਲ਼ੇ ਦਿਨ ਤੁਸੀਂ ਇੱਕ ਵੱਡੀ ਮੀਟਿੰਗ ਦਾ ਹਿੱਸਾ ਹੋਵੋਗੇ ਜਿੱਥੇ ਇੰਸ਼ੋਰੈਂਸ ਪ੍ਰਤੀਨਿਧੀ ਅਤੇ ਉਨ੍ਹਾਂ ਦਾ ਵਕੀਲ ਵੀ ਸ਼ਾਮਲ ਹੋਣਗੇ (ਜਾਂਇੰਟ ਸੈਸ਼ਨ)।

ਦੋਵੇਂ ਵਕੀਲ ਪਹਿਲਾਂ ਤੁਹਾਡਾ ਅਤੇ ਬਾਅਦ 'ਚ ਇੰਸ਼ੋਰੈਂਸ ਵਾਲਿਆਂ ਦਾ ਆਪਣੀ ਆਪਣੀ ਦਲੀਲ਼ ਦੇਣਗੇ।ਇਸ 'ਚ ਆਮ ਤੌਰ 'ਤੇ ਇਹ ਹੀ ਦੱਸਿਆ ਜਾਂਦਾ ਹੈ ਕਿ ਜੇ ਗੱਲਬਾਤ ਨਾਲ ਮਾਮਲਾ ਨਹੀਂ ਨਿਬੜਦਾ ਤਾਂ ਇਹ ਧਿਰਾਂ ਕਿਸ ਤਰ੍ਹਾਂ ਮੁਕੱਦਮੇ ਲਈ ਪਹੁੰਚ ਕਰਨਗੀਆਂ।

ਮੁਕੱਦਮੇ ਬਹੁਤ ਅਣਸੁਖਾਵੀਂ ਪ੍ਰਤੀਕਿਰਿਆ ਰਾਹੀਂ ਗੁਜ਼ਰਦੇ ਹਨ ਇਸ ਲਈ ਇਹ ਕਹਿਣਾ ਕਿ ਕਿਸੇ ਸਬੰਧਤ ਵਿਅਕਤੀ ਨੂੰ ਕੇਸ ਬਾਰੇ ਦੱਸਣਾ ਕਿ ਇਹ ਕਿਸ ਤਰ੍ਹਾਂ ਚੱਲਣਾ ਹੈ, ਆਮ ਤੌਰ 'ਤੇ ਸੁਣਨ ਨੂੰ ਬਹੁਤਾ ਸੁਖਾਵਾਂ ਨਹੀਂ ਲਗਦਾ। ਇਸ ਲਈ ਜੋ ਤੁਹਾਨੂੰ ਇਹੋ ਜਿਹੇ ਮੌਕੇ ਕਰਨਾ ਚਾਹੀਦਾ ਹੈ ਉਹ ਹੈ ਕਿ ਧਿਆਨ ਨਾਲ਼ ਸੁਣੋ। ਇਸ ਨਾਲ਼ ਤੁਹਾਨੂੰ ਕੁੱਝ ਇਹ ਸਮਝਣ 'ਚ ਸਹਾਇਤਾ ਮਿਲੇਗੀ ਕਿ ਮੁਕੱਦਮੇ ਦਾ ਬਦਲ ਕਿਹੋ ਜਿਹਾ ਹੋ ਸਕਦਾ ਹੈ।

ਜਦੋਂ ਵਕੀਲ ਆਪਣੇ  ਮੁੱਢਲੇ ਵਿਚਾਰ ਪੇਸ਼ ਕਰ ਦਿੰਦੇ ਹਨ ਉਸ ਤੋਂ ਬਾਅਦ ਇੰਸ਼ੋਰੈਂਸ ਦੇ ਪ੍ਰਤੀਨਿਧ ਆਪਣੇ ਵਿਚਾਰ ਪੇਸ਼ ਕਰਕੇ ਕੁੱਝ ਸਵਾਲ ਪੁੱਛਣਗੇ। ਇਨ੍ਹਾਂ ਵਿਚਾਰਾਂ ਅਤੇ ਤੁਹਾਡੇ ਸਵਾਲਾਂ ਦੇ ਜਵਾਬਾਂ ਕਾਰਨ ਪਹਿਲੀਆਂ  ਜਾਣਕਾਰੀਆਂ ਨਾਲੋਂ ਸਮਝੌਤੇ ਦੇ ਵਧੇਰੇ ਬਦਲ ਸਾਹਮਣੇ ਆ ਸਕਦੇ ਹਨ।

ਜਦੋਂ ਤੁਸੀਂ ਸਵਾਲਾਂ ਦੇ ਜਵਾਬ ਦਿੰਦੇ ਹੋ ਉਸ ਸਮੇਂ  ਲੋੜ ਕੇਵਲ ਇਹ ਹੈ ਕਿ ਤੁਸੀਂ ਆਪਣੇ ਬਾਰੇ ਕਿ ਤੁਸੀਂ ਕੌਣ ਹੋ ਅਤੇ ਦੁਰਘਟਨਾ ਹੋਣ ਕਾਰਨ ਤੁਹਾਡੇ ਨਾਲ਼ ਕੀ ਵਾਪਰਿਆ ਹੈ ਇਸ ਸਬੰਧੀ ਹੀ ਕੇਵਲ ਆਪਣਾ ਦ੍ਰਿਸ਼ਟੀਕੋਣ ਰੱਖੋ। ਆਪਣੀ ਦਿਲ ਦੀ ਗੱਲ ਬੋਲੋ। ਜਿਨ੍ਹਾਂ ਗੱਲਾਂ ਬਾਰੇ ਤੁਹਾਨੂੰ ਪੂਰੀ ਜਾਣਕਾਰੀ ਹੈ ਉਸ 'ਤੇ ਦ੍ਰਿੜ ਰਹੋ। ਜਿੰਨੀ ਹੋ ਸਕੇ ਉਂਨੀ ਸਹੀ ਗੱਲ ਕਰੋ। ਪਰ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਇਹ ਸਭ ਜਾਣਦੇ ਹਨ ਕਿ ਮਨੁੱਖੀ ਯਾਦ ਸ਼ਕਤੀ ਸੰਪੂਰਨ ਨਹੀਂ।

ਸਾਂਝਾ ਸੈਸ਼ਨ ਖਤਮ ਹੋਣ ਤੋਂ ਬਾਅਦ ਸਬੰਧਤ ਧਿਰਾਂ ਚੱਲ ਕੇ ਆਪਣੇ ਪ੍ਰਾਈਵੇਟ ਕਮਰਿਆਂ ( ਕੌਕਸ ਰੂਮਜ਼) 'ਚ ਚਲੀਆਂ ਜਾਂਦੀਆਂ ਹਨ। ਹੁਣ ਉਹ ਸਿੱਧੀ ਗੱਲਬਾਤ ਨਹੀਂ ਕਰਦੇ ਸਗੋਂ ਸਾਲਸ ਰਾਹੀਂ ਆਪਣੇ ਸੰਦੇਸ਼ ਭੇਜਦੇ ਹਨ;  ਇਸ ਸਮੇਂ ਆਪਣੀਆਂ ਪੁਜੀਸ਼ਨਾਂ ਦੀ ਥਾਂ ਉਹ ਸਮਝੌਤੇ ਦੀਆਂ ਪੇਸ਼ਕਸ਼ਾਂ ਵੱਲ ਹੀ ਧਿਆਨ ਦਿੰਦੇ ਹਨ।

ਹੁਣ ਤੁਸੀਂ ਆਪਣੇ ਵਕੀਲ ਨਾਲ ਵੱਖਰੇ ਤੌਰ 'ਤੇ ਗੱਲ ਕਰ ਸਕਦੇ ਹੋ ਤਾਂ ਕਿ ਮਿਲੀ ਹਰੇਕ ਪੇਸ਼ਕਸ਼ 'ਤੇ ਵਿਚਾਰ ਕਰ ਸਕੋ।

ਆਖਿਰਕਾਰ ਜੇ ਤੁਹਾਡੇ ਵਕੀਲ ਨੂੰ ਪੂਰਾ ਭਰੋਸਾ ਹੋਵੇ ਤਾਂ ਕਈ ਵਾਰੀ ਇਨ੍ਹਾਂ ਪ੍ਰਾਈਵੇਟ ਗੱਲਾਂਬਾਤਾਂ ‘ਚ ਸਾਲਸੀ ਵੀ ਹਿੱਸਾ ਲੈ ਸਕਦਾ ਹੈ ਅਤੇ ਤੁਹਾਨੂੰ ਢੁੱਕਵੇਂ ਸੁਝਾਅ ਵੀ ਦੇ ਸਕਦਾ ਹੈ। ਜਦੋਂ ਕਦੇ ਇਸ ਤਰ੍ਹਾਂ ਹੁੰਦਾ ਹੈ ਤਾਂ ਸਾਲਸ ਜੋ ਕੁੱਝ ਵੀ ਸੁਣਦਾ ਹੈ ਉਹ ਗੁਪਤ ਹੀ ਰੱਖਿਆ ਜਾਂਦਾ ਹੈ ਅਤੇ ਦੂਜੀ ਧਿਰ ਨੂੰ ਕੇਵਲ ਉਹ ਹੀ ਖਾਸ ਜਾਣਕਾਰੀ ਦਿੰਦਾ ਹੈ ਜੋ ਤੁਸੀਂ ਜਾਂ ਤੁਹਾਡਾ ਵਕੀਲ ਉਸ ਨੂੰ ਦੇਣ ਲਈ ਕਹਿੰਦਾ ਹੈ। ਅੰਤ ‘ਚ ਸਾਲਸ ਤਾਂ ਤੁਹਾਨੂੰ ਸਮਝੌਤਾ ਕਰਨ ਲਈ ਕੁੱਝ ਨੁਕਤੇ ਹੀ ਧਿਆਨ ‘ਚ ਰੱਖਣ ਲਈ ਦੱਸਦਾ ਹੈ ਪਰ ਇਹ ਤੁਹਾਡੇ ‘ਤੇ ਹੀ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੇ ਕਾਨੂੰਨੀ ਸਲਾਹਕਾਰ ਨਾਲ਼ ਗੱਲਬਾਤ ਕਰਕੇ ਇਸ ਨੂੰ ਮੰਨਣਾ ਚਾਹੁੰਦੇ ਹੋ ਜਾਂ ਨਹੀਂ।

ਮੇਰਾ ਸੁਝਾਅ ਹੈ ਕਿ ਜਿੱਥੇ ਤੁਸੀਂ ਆਪਣੇ ਵੱਲੋਂ ਸਮਝੌਤੇ ਲਈ ਮਿਥੀ ਗਈ ਰਕਮ ਨੂੰ ਹਮੇਸ਼ਾ ਧਿਆਨ ‘ਚ ਰੱਖੋ ਉੱਥੇ ਨਾਲ਼ ਹੀ ਉਨ੍ਹਾਂ ਸੰਭਾਵਨਾਵਾਂ ਲਈ ਜੋ ਸਾਲਸੀ ਦੌਰਾਨ ਉੱਭਰਦੀਆਂ ਹਨ, ਨੂੰ ਵੀ ਜ਼ਰੂਰ ਸੋਚੋ।

ਸਾਲਸ ਦਾ ਪੂਰਾ ਪਤਾ (ਸੌਦੇਬਾਜੀ) ਸਮਝੌਤੇ ਦੀ ਆਖਰੀ ਸਟੇਜ ‘ਤੇ ਲਗਦਾ ਹੈ। ਇਹ ਸਭ ਨੂੰ ਇਹ ਸੋਚਣ ਦਾ ਮੌਕਾ ਦਿੰਦੀ ਹੈ ਕਿ ਇਸਦਾ ਕੀ ਅਸਰ ਪਵੇਗਾ ਅਤੇ ਵੱਖ ਵੱਖ ਦਿਸ਼੍ਟੀਕੋਣਾਂ ਤੋਂ ਇਸ ਦੇ ਪੈਣ ਵਾਲ਼ੇ ਪ੍ਰਭਾਵ ਤੇ ਗੌਰ ਕਰਕੇ ਸਮਝੌਤਾ ਕਰਨ ਲਈ ਪਏ ਫਾਸਲੇ ਨੂੰ ਘੱਟ ਕਰਦਾ ਹੈ। ਇਸਦਾ ਮਤਲਬ ਇਹ ਹੈ ਕਿ ਸਮਝੌਤੇ ਲਈ ਸਹੀ ਰਕਮ ਦੀ ਅਸਲੀ ਪੇਸ਼ਕਸ਼ ਤੋਂ ਪਹਿਲਾਂ ਕਈ ਪੇਸ਼ਕਸ਼ਾਂ ਕੀਤੀਆਂ ਜਾਣਗੀਆਂ।

ਸੌਦੇਬਾਜ਼ੀ ਦੀ ਹਾਲਤ ( ਆਮ ਤੌਰ ਇਨਸਾਨਾਂ ਵੱਲੋਂ ਸੌਦੇਬਾਜ਼ੀ) ਦਾ ਮੰਤਵ ਅੰਤ 'ਚ ਆਖਰੀ ਮੰਜ਼ਿਲ 'ਤੇ ਪਹੁੰਚਣਾ ਹੈ। ਇਹ ਸਾਰਿਆਂ ਨੂੰ ਆਉਣ ਵਾਲ਼ੇ ਸਮੇਂ 'ਚ ਹੋਣ ਵਾਲ਼ੀ ਤਕਲੀਫ ਨੂੰ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਵੇਖ ਕੇ ਸਮਝੌਤਾ ਕਰਨ ਲਈ ਨੇੜਤਾ ਲਿਆਉਣਾ ਹੈ।ਇਸ ਦਾ ਅਰਥ ਹੈ ਕਿ ਸਭ ਤੋਂ ਵਧੀਆ ਬਦਲ 'ਤੇ ਪਹੁੰਚਣ ਤੋਂ ਪਹਿਲਾਂ ਤੁਹਾਨੂੰ ਹੋਰ ਕਈ ਬਦਲ ਦਿੱਤੇ ਜਾਣਗੇ।

ਸੌਦੇਬਾਜ਼ੀ ਨੇ ਲੱਗਭਗ ਹਰ ਇੱਕ ਸੁਰੱਖਿਅਤ ਡਾਲਰ ਤੁਹਾਡੇ ਲਈ ਵਿਚਾਰ ਅਧੀਨ ਉਪਲਬਧ ਕਰਾ ਦਿੱਤਾ ਹੈ ਅਤੇ ਹੁਣ ਕੰਟਰੋਲ ਤੁਹਾਡੇ ਹੱਥ ‘ਚ ਹੈ। ਆਖਰਕਾਰ ਇਹ ਤੁਹਾਡੇ ‘ਤੇ ਨਿਰਭਰ ਕਰਦਾ ਹੈ ਕਿ ਤੁਸੀਂ ਇਸ ਨੂੰ ਮੰਨਣਾ ਚਾਹੁੰਦੇ ਹੋ ਜਾਂ ਕਿ ਅਦਾਲਤ ‘ਚ ਕੇਸ ਜਾਰੀ ਰੱਖਣਾ ਚਾਹੁੰਦੇ ਹੋ।

ਸਾਰੀਆਂ ਧਿਰਾਂ ਝਗੜੇ ਦੀ ਜਾਣਕਾਰੀ ਦੇਣ ਤੋਂ ਪਾਸੇ ਹਟ ਕੇ ਕਿਸ ਤਰ੍ਹਾਂ ਕੋਈ ਸਾਂਝਾ ਹੱਲ ਲੱਭ ਸਕਦੀਆਂ ਹਨ?

ਉਹ ਇਸ ਤਰ੍ਹਾਂ ਉਮੀਦਾਂ ‘ਤੇ ਧਿਆਨ ਦੇਣ ਦੀ ਬਜਾਏ ਸਹੀ ਤੱਥਾਂ ‘ਤੇ ਗੌਰ ਕਰਦੀਆਂ ਹਨ।

ਜਿਹੜਾ ਵਿਅਕਤੀ ਇਸ ਸਦਮੇ ਨਾਲ਼ ਜੀ ਰਿਹਾ ਹੈ ਅਤੇ ਦੁੱਖ ਭੋਗ ਰਿਹਾ ਹੈ ਦੇ  ਕਲੇਮ ਦਾ ਸਹੀ ਮੁੱਲ ਕਦੇ ਵੀ ਉਹ ਨਹੀਂ ਹੁੰਦਾ ਜੋ ਕਿ ਉਸ ਇਨਸਾਨ ਦੀ ਨਜ਼ਰ ‘ਚ ਹੈ ਜੋ ਕਿ ਇਸ ਬਾਰੇ ਸਿਰਫ ਇਸ ਨਜ਼ਰ ਨਾਲ਼ ਵੇਖਦਾ ਹੈ ਕਿ ਉਸ ਦੀ ਇਹ ਰਕਮ ਦੇਣ ਦੀ ਜ਼ੁੰਮੇਵਾਰੀ ਬਣਦੀ ਹੈ।

ਸੌਦੇਬਾਜੀ ਦੇ ਸ਼ੁਰੂ ‘ਚ ਮੈਂ ਵੇਖਿਆ ਹੈ ਕਿ ਜੋ ਦੋਨਾਂ ਧਿਰਾਂ ਨੂੰ ਅਲੱਗ ਕਰਦਾ ਹੈ ਉਹ ਇਸ ਗੱਲ ‘ਤੇ ਨਿਰਭਰ ਨਹੀਂ ਕਰਦਾ ਕਿ ਟ੍ਰਾਇਲ ਦੌਰਾਨ ਕੀ ਕੁੱਝ ਹੋਵੇਗਾ ਸਗੋਂ ਇਸ ਗੱਲ ‘ਤੇ ਕਿ ਟ੍ਰਾਇਲ ਦੌਰਾਨ ਉਹ ਹੋਵੇ ਜੋ ਉਹ ਚਾਹੁੰਦੇ ਹਨ। ਸਾਰੀਆਂ ਧਿਰਾਂ ਦੀ ਇਹ ਹੀ ਮੁੱਢਲੀ ਆਸ ਹੁੰਦੀ ਹੈ।

ਟ੍ਰਾਇਲ ਦਾ ਅਸਲੀ ਮੁਲਾਂਕਣ ਉਦੋਂ ਮਿਲ਼ਦਾ ਹੈ ਜਦੋਂ ਮੰਤਵ ਦੇ ਵਿਸ਼ਲੇਸ਼ਣ ਨੂੰ ਗੰਭੀਰਤਾ ਨਾਲ਼ ਵਿਚਾਰਿਆ ਜਾਂਦਾ ਹੈ। ਗੰਭੀਰ ਵਿਸ਼ਲੇਸ਼ਣ ਸਿਰਫ ਇਸ ਗੱਲ 'ਤੇ ਹੀ ਨਿਰਭਰ ਨਹੀਂ ਕਰਦਾ ਕਿ ਤੁਸੀਂ ਕੀ ਸੋਚਦੇ ਹੋ ਸਗੋਂ ਉਨ੍ਹਾਂ ਤੱਥਾਂ 'ਤੇ ਵੀ ਧਿਆਨ ਦੇਣਾ ਹੈ ਜਿਨ੍ਹਾਂ ਦੀ ਕੁੱਝ ਪ੍ਰਮਾਣਕਤਾ ਹੈ।

ਸਮਝੌਤੇ ਦੇ ਮੌਕੇ ਉਦੋਂ ਵਧ ਜਾਂਦੇ ਹਨ ਜਦੋਂ ਸਾਰੀਆਂ ਹੀ ਧਿਰਾਂ ਵਲੋਂ ਇਸ ਤਰ੍ਹਾਂ ਦੀਆਂ ਪੇਸ਼ਕਸ਼ਾਂ ਕੀਤੀਆਂ ਜਾਂਦੀਆਂ ਜੋ ਆਸ ਤੋਂ ਹਟ ਕੇ ਸਹੀ ਤੱਥਾਂ 'ਤੇ ਨਿਰਭਰ ਕਰਦੀਆਂ ਹਨ। ਇਹੋ ਜਿਹੇ ਵਿਚਾਰ ਸੋਚਣ ਲਈ ਸਾਲਸੀ ਦਾ ਢਾਂਚਾ, ਕਾਨੂੰਨੀ ਸਲਾਹ ਦੁਆਰਾ, ਵਿਚਾਰ ਸਾਂਝੇ ਕਰਨ ਲਈ ਢੁੱਕਵੀਂ ਥਾਂ ਅਤੇ ਸੋਚਣ ਲਈ ਸ਼ਾਂਤ ਥਾਂ ਦੀ ਲੋੜ ਹੈ।

**ਇਸ ਲਈ ਝਗੜੇ ਤੋਂ ਹੱਲ ਤੱਕ ਪਹੁੰਚਣ ਲਈ ਇਨ੍ਹਾਂ ਗੱਲਾਂ ਦੀ ਲੋੜ ਹੈ**

* ਆਸਾਂ ਨੂੰ ਛੱਡ ਕੇ ਉਨ੍ਹਾਂ ਨਤੀਜਿਆਂ 'ਤੇ ਗੌਰ ਕੀਤਾ ਜਾਵੇ ਜੋ ਕੇਸ ਤੋਂ ਬਾਅਦ ਨਿੱਕਲਣਗੇ।
* ਪੂਰੀ ਪ੍ਰਾਪਤ ਜਾਣਕਾਰੀ ਅਤੇ ਵਿਚਾਰਾਂ ਨੂੰ ਧਿਆਨ 'ਚ ਰੱਖਣਾ।
* ਕਾਨੂੰਨੀ ਸਲਾਹ ਲੈਣੀ ਅਤੇ ਉਸ ਨੂੰ ਧਿਆਨ ਨਾਲ਼ ਸੁਣਨਾ।
* ਵੱਖ ਵੱਖ ਬਦਲਾਂ 'ਤੇ ਵਿਚਾਰ ਕਰਨ ਲਈ ਕੋਈ ਸ਼ਾਂਤ ਥਾਂ।

**ਸਮਝੌਤਾ ਕਦੋਂ ਜਾਇਜ਼ ਹੁੰਦਾ ਹੈ?**

ਇਸ ਗੱਲ ਨੂੰ ਕੋਈ ਵੀ ਨਹੀਂ ਬਦਲ ਸਕਦਾ ਕਿ ਹਾਦਸਾ ਵਾਪਰ ਚੁੱਕਿਆ ਹੈ। ਇਸ ਲਈ ਤੁਹਾਡੇ ਪਏ ਘਾਟੇ ਨੂੰ ਸਿਰਫ ਪੈਸਾ ਹੀ ਪੂਰਾ ਨਹੀਂ ਕਰ ਸਕਦਾ।

ਮੇਰੇ 44 ਸਾਲਾਂ ਦੇ ਇੰਜਰੀ ਕਲੇਮ ਸੈਟਲਮੈਂਟ ਤਜ਼ਰਬੇ ਦੌਰਾਨ ਮੈਨੂੰ ਸੱਚੀਂ ਜ਼ਖਮੀ ਹੋਇਆ ਇਹੋ ਜਿਹਾ ਕੋਈ ਵੀ ਇਨਸਾਨ ਨਹੀਂ ਮਿਲ਼ਿਆ ਜਿਸਨੇ ਇਸ ਗੱਲ ਨੂੰ ਕਿ ਇਹ ਹਾਦਸਾ ਕਦੇ ਵਾਪਰਿਆ ਹੀ ਨਾ ਹੁੰਦਾ ਨੂੰ ਤਰਜ਼ੀਹ ਦੇਣ ਦੀ ਬਜਾਏ ਪੈਸੇ ਨੂੰ ਤਰਜ਼ੀਹ ਦਿੱਤੀ ਹੋਵੇ। ਇਸ ਗੱਲ ਨੂੰ ਧਿਆਨ 'ਚ ਰੱਖਦੇ ਹੋਏ ਮੈਂ ਦਾਅਵੇ ਨਾਲ਼ ਇਹ ਗੱਲ ਕਹਿ ਸਕਦਾ ਹਾਂ ਕਿ ਜਿੰਨਾ ਮਰਜ਼ੀ ਪੈਸਾ ਮਿਲ਼ਿਆ ਹੋਵੇ ਉਹ ਪਏ ਹੋਏ ਘਾਟੇ ਨੂੰ ਕਦੇ ਵੀ ਪੂਰਾ ਨਹੀਂ ਕਰ ਸਕਦਾ।

ਇਹ ਵੀ ਗੱਲ ਹੈ ਕਿ ਸਮਝੌਤਾ ਤੁਹਾਡੀਆਂ ਵਿਤੀ ਮੁਸ਼ਕਿਲਾਂ ਨੂੰ ਤਾਂ ਕੁੱਝ ਹੱਦ ਤੱਕ ਦੂਰ ਕਰ ਸਕਦਾ ਹੈ ਅਤੇ ਨਾਲ਼ ਹੀ ਕੇਸ ਦੀਆਂ ਮੁਸੀਬਤਾਂ ਝੱਲਣ ਤੋਂ ਵੀ ਛੁਟਕਾਰਾ ਦੁਆ ਸਕਦਾ ਹੈ ਪਰ ਇਹ ਤੁਹਾਡਾ ਇਲਾਜ ਨਹੀਂ ਕਰ ਸਕਦਾ।

ਉਸ ਕਾਰਵਾਈ ਦਾ ਹਿੱਸਾ ਬਣਨ ਨਾਲ਼ ਜਿਸ 'ਚ ਤੁਸੀਂ ਇੰਸ਼ੋਰੈਂਸ ਵਲੋਂ ਦਿੱਤੀ ਗਈ ਸਮਝੌਤੇ ਦੀ ਰਕਮ ਨੂੰ ਮੰਨਣਾ ਹੈ, ਉਸ ਨਾਲ਼ ਤੁਹਾਨੂੰ ਆਪਣੀਆਂ ਸੱਟਾਂ ਤੋਂ ਠੀਕ ਹੋਣ ਲਈ ਕਾਫੀ ਮੱਦਦ ਮਿਲ਼ਦੀ ਹੈ। ਤੁਸੀਂ ਦਿਮਾਗ ਨੂੰ ਸਰੀਰ ਨਾਲੋਂ ਵੱਖ ਨਹੀਂ ਕਰ ਸਕਦੇ।

ਸਮਝੌਤੇ ਦਾ ਸਭ ਤੋਂ ਮਹੱਤਵਪੂਰਨ ਭਾਗ ਹੈ ਕਿ ਇਹ ਜਾਇਜ਼ ਹੋਵੇ ਅਤੇ ਇਹ ਇਸ ਗੱਲ ਨੂੰ ਸਮਝਣ 'ਚ ਮਦਦ ਕਰਦਾ ਹੈ ਕਿ ਜਾਇਜ਼ਤਾ ਦੀ ਪ੍ਰੀਭਾਸ਼ਾ ਕਿਸ ਤਰ੍ਹਾਂ ਦਿੱਤੀ ਗਈ ਹੈ। ਜਨਤਕ ਮੁਕੱਦਮਿਆਂ ਦੀ ਦੁਨੀਆ 'ਚ 'ਜਾਇਜ਼' ਦੀ ਸਭ ਤੋਂ ਵਧੀਆ ਪ੍ਰੀਭਾਸ਼ਾ ਜਿਸ ਦਾ ਮੈਨੂੰ ਪਤਾ ਹੈ ਉਹ ਹੈ:

*ਜੋ ਉਸ ਇਨਸਾਨ ਦੁਆਰਾ, ਜੋ ਕਾਨੂੰਨੀ ਜਾਣਕਾਰ ਹੈ ਅਤੇ ਜਿਸ ਦਾ ਕੇਸ ਤੋਂ ਨਿੱਕਲਣ ਵਾ਼ਲੇ ਨਤੀਜੇ ਨਾ਼ਲ ਕੋਈ ਨਿਜੀ ਲਾਭ ਨਹੀਂ ਹੁੰਦਾ, ਭਾਵ ਇੱਕ ਜੱਜ, ਜਿਸਨੇ ਕੇਸ ਦੇ ਸਾਰੇ ਸਬੂਤ ਨਿਰਪੱਖ ਢੰਗ ਨਾ਼ਲ ਸੁਣਕੇ, ਫੈਸਲਾ ਦਿੱਤਾ ਹੋਵੇ।*

ਇਹ ਕਹਿਣ ਦੇ ਨਾ਼ਲ ਹੀ ਇਸ ਗੱਲ 'ਤੇ ਵੀ ਧਿਆਨ ਦੇਣਾ ਬਣਦਾ ਹੈ ਕਿ ਮੁਕੱਦਮੇ ਕਾਫੀ ਗੁੰਝਲਦਾਰ ਹੁੰਦੇ ਹਨ ਅਤੇ ਇਨ੍ਹਾਂ 'ਚ ਜੱਜ, ਵਕੀਲ, ਮਾਹਿਰ, ਗਵਾਹ ਅਤੇ ਹੋਰ ਕਈ ਵਿਅਕਤੀ ਸ਼ਾਮਿਲ ਹੁੰਦੇ ਹਨ। ਕਿਉਂਕਿ ਸਭ ਕੁੱਝ ਇਨਸਾਨੀ ਦਖਲ 'ਤੇ ਨਿਰਭਰ ਕਰਦਾ ਹੈ ਇਸ ਲਈ ਮੁਕੱਦਮਿਆਂ ਦੀ ਇੱਕਦਮ ਠੀਕ ਗਿਣਤੀ ਮਿਣਤੀ ਨਹੀਂ ਹੁੰਦੀ। ਇਸ ਲਈ ਇਨਸਾਫ ਸਦਾ ਹੀ ਯਕੀਨੀ ਨਹੀਂ ਹੁੰਦਾ।

ਜਦੋਂ ਕੇਸ ਦੀਆਂ ਸੰਭਾਵਨਾਵਾਂ ਦੀ ਬਜਾਏ ਗੱਲਬਾਤ ਬਾਰੇ ਸੋਚਿਆ ਜਾਂਦਾ ਹੈ ਤਾਂ ਹਰ ਕੇਸ ਦੀਆਂ ਕੁੱਝ ਨਿਜੀ ਵਿਸ਼ੇਸ਼ਤਾਵਾਂ ਵੀ ਹੁੰਦੀਆਂ ਹਨ ਜਿਨ੍ਹਾਂ ਨੂੰ ਵੀ ਧਿਆਨ 'ਚ ਰੱਖਣਾ ਜਰੂਰੀ ਹੈ। ਇੰਸ਼ੋਰੈਂਸ ਕੰਪਨੀਆਂ ਨੂੰ ਵੀ ਇਹ ਸਭ ਧਿਆਨ 'ਚ ਰੱਖਣਾ ਪੈਂਦਾ ਹੈ ਪਰ ਇਨ੍ਹਾਂ ਗੱਲਾਂ ਨੂੰ ਸਾਲਸੀ ਤੋਂ ਪਹਿਲਾਂ ਆਪਣੇ ਧਿਆਨ 'ਚ ਰੱਖਣ ਨਾ਼ਲ ਤੁਹਾਨੂੰ ਫਾਇਦਾ ਹੋ ਸਕਦਾ ਹੈ।

ਵਿਹਾਰੀ ਤੌਰ 'ਤੇ ਧਿਆਨ ਕੀਤਾ ਜਾਵੇ ਤਾਂ ਦੇਰ ਨਾਲੋਂ ਪੈਸਾ ਲੈਣ ਨਾਲੋਂ ਹੁਣ ਪੈਸਾ ਲੈਣਾ ਵਧੀਆ ਰਹਿੰਦਾ ਹੈ। ਜੀਵਨ ਬੀਮਾ ਕੰਪਨੀਆਂ ਵੀ ਇਸ ਤਰ੍ਹਾਂ ਦੀਆਂ ਸੰਭਾਵਨਾਵਾਂ ਨੂੰ ਮੁੜਕੇ ਸੋਚਦੀਆਂ ਹਨ।

ਸਹਿਮਤੀ ਦੀ ਕੀਮਤ ਹੈ ਖਤਰੇ ਨੂੰ ਗਲ਼ ਲਾਉਣਾ ਜਾਂ ਇਸ ਤੋਂ ਬਚਣਾ। ਇਹ ਗੱਲਾਂ ਹੀ ਇੱਕ ਵਿਤੀ ਸਲਾਹਕਾਰ ਨੂੰ ਆਪਣੇ ਧਿਆਨ 'ਚ ਰੱਖਣੀਆਂ ਚਾਹੀਦੀਆਂ ਹਨ ਹੈ ਜਦੋਂ ਉਹ ਆਪਣੇ ਗਾਹਕਾਂ ਨੂੰ ਪੂੰਜੀ ਨਿਵੇਸ਼ ਕਰਨ ਲਈ ਵੱਧ ਜਾਂ ਘੱਟ ਸਖਤ ਰੁਖ਼ ਅਪਣਾਉਂਦਾ ਹੈ।

ਮੁਕੱਦਮੇ ਦੀ ਮੁਕੱਦਮੇਬਾਜ਼ੀ 'ਚ ਨਾ ਪੈਣ ਦੇ ਲਾਭ ਹਨ। ਕੁੱਝ ਲੋਕ ਕਚਿਹਰੀਆਂ 'ਚ ਆਪਣਾ ਦਿਨ ਗੁਜ਼ਾਰਨਾ ਚਾਹੁੰਦੇ ਹਨ ਪਰ ਕੁੱਝ ਲੋਕ ਇਸ ਤੋਂ ਬਚਣ 'ਚ ਹੀ ਭਲਾਈ ਸਮਝਦੇ ਹਨ।

**ਸਮਝੌਤੇ ਦੀ ਕੀਮਤ ਜੋ ਤੁਹਾਡੇ ਲਈ ਜਾਇਜ਼ ਅਤੇ ਪ੍ਰੈਕਟੀਕਲ ਹੈ ਉਹ ਇਸ 'ਤੇ ਨਿਰਭਰ ਕਰਦੀ ਹੈ**

* ਇਨ੍ਹਾਂ ਮੁੱਦਿਆਂ ਜਿਵੇਂ ਸਮਾਂ ਖਰਚ ਹੋਣਾ, ਖਤਰਾ ਸਹਿਣਾ ਅਤੇ ਝਗੜੇ ਤੋਂ ਬਚਣ ਦੀ ਤੁਸੀਂ ਖ਼ੁਦ ਕੀ ਕੀਮਤ ਸਮਝਦੇ ਹੋ।
* ਜੇਕਰ ਮੁਕੱਦਮਾ ਚਲਦਾ ਹੈ ਤਾਂ ਤੁਹਾਨੂੰ ਕੀ ਮਿਲ਼ ਸਕਦਾ ਹੈ।

**ਮੈਨੂੰ ਕਿਵੇਂ ਪਤਾ ਚੱਲੇ ਕਿ ਸਾਲਸ ਨਿਰਪੱਖ ਹੈ?**

ਭਾਵੇਂ ਸਾਲਸ ਕੋਲ ਕੋਈ ਫੈਸਲਾ ਠੋਸਣ ਦੀ ਕੋਈ ਸ਼ਕਤੀ ਨਹੀਂ ਪਰ ਉਹ ਉਪਲਬਧ ਬਦਲਾਂ ਬਾਰੇ ਮਹੱਤਵਪੂਰਨ ਅਸਰ ਪਾ ਸਕਦਾ ਹੈ। ਇਸ ਲਈ ਇਹ ਜਰੂਰੀ ਹੈ ਕਿ ਉਹ ਨਿਰਪੱਖ ਹੋਵੇ। ਸਿਰਫ ਮੇਰੇ ਕਹਿਣ ਤੋਂ ਬਿਨਾ ਵੀ ਹੋਰ ਅਜਿਹੇ ਤਰੀਕੇ ਵੀ ਹਨ ਜਿਸ ਨਾਲ਼ ਮੇਰੀ ਨਿਰਪੱਖਤਾ ਸਾਬਤ ਹੁੰਦੀ ਹੈ।

ਪਹਿਲੀ ਗੱਲ ਤਾਂ ਇਹ ਕਿ ਮੈਨੂੰ ਤੁਹਾਡੀ ਫਾਈਲ ਬਾਰੇ ਨਾ ਹੀ ਪਹਿਲਾਂ ਕੁੱਝ ਪਤਾ ਹੈ ਅਤੇ ਨਾ ਹੀ ਮੈਂ ਦਸਤਾਵੇਜ਼ਾਂ ਨੂੰ ਡੂੰਘਾਈ ਨਾਲ਼ ਵਾਚਿਆ ਹੈ। ਇਸ ਲਈ ਮੇਰੇ ਕੋਲ਼ ਕੋਈ ਇਸ ਤਰ੍ਹਾਂ ਦਾ ਮੌਕਾ ਹੀ ਨਹੀਂ ਹੁੰਦਾ ਕਿ ਮੈਂ ਕਾਗਜ਼ ਪੱਤਰਾਂ 'ਚ ਹੀ ਗੁਆਚਾ ਰਹਾਂ। ਨਾ ਹੀ ਨਿਜੀ ਤੌਰ 'ਤੇ ਇੱਕ ਜਾਂ ਦੂਜੇ ਵਿਚਾਰ ਨਾਲ਼ ਚਿੰਬੜਿਆ ਹੁੰਦਾ ਹਾਂ।

ਤੁਸੀਂ ਮੈਨੂੰ ਦਫਤਰੀ ਕਾਰਵਾਈ 'ਚ ਕੇਵਲ ਉਸ ਦਿਨ ਹੀ ਵੇਖੋਗੇ ਜਦੋਂ ਤੁਹਾਡਾ ਸਾਲਸੀ ਦਾ ਦਿਨ ਹੋਵੇ।ਹਾਲ ਦੀ ਘੜੀ ਮੇਰਾ ਅਜੇ ਭਵਿੱਖ ਦਾ ਕੋਈ ਹੋਰ ਏਜੰਡਾ ਨਹੀਂ।

ਮੈਨੂੰ ਦੋਵਾਂ ਪਾਰਟੀਆਂ ਦੀ ਸਹਿਮਤੀ ਨਾਲ਼ ਹੀ ਰੱਖਿਆ ਜਾਂਦਾ ਹੈ। ਦੋਵੇਂ ਧਿਰਾਂ ਦੀ ਮੈਨੂੰ ਪੈਸੇ ਦੇਣ ਦੀ ਜ਼ੁੰਮੇਵਾਰੀ ਬਰਾਬਰ ਦੀ ਹੁੰਦੀ ਹੈ।ਇਸ ਲਈ ਦੋਵਾਂ ਧਿਰਾਂ ਤੋਂ ਆਮਦਨ ਕਮਾਉਣ ਕਰਕੇ ਮੇਰਾ ਫਰਜ਼ ਵੀ ਦੋਵਾਂ ਧਿਰਾਂ ਲਈ ਬਰਾਬਰ ਬਣਦਾ ਹੈ।

ਮੈਨੂੰ ਪ੍ਰਤੀ ਘੰਟੇ ਦਾ ਹਿਸਾਬ ਨਾਲ਼ ਪੈਸੇ ਮਿਲਦੇ ਹਨ। ਇਸ ਲਈ ਜਿਸ ਰਕਮ ਸਬੰਧੀ ਤੁਹਾਡਾ ਫੈਸਲਾ ਹੁੰਦਾ ਹੈ ਉਸ ਦਾ ਮੈਨੂੰ ਮਿਲਣ ਵਾਲ਼ੀ ਰਕਮ 'ਤੇ ਕੋਈ ਅਸਰ ਨਹੀਂ ਪੈਂਦਾ।

ਤੁਹਾਡੀ ਨਿਪਟਾਰੇ ਲਈ ਸਹਿਮਤੀ ਹੋਵੇ ਜਾਂ ਨਾ ਮੈਨੂੰ ਤਾਂ ਮੇਰੇ ਪੈਸੇ ਮਿਲਣੇ ਹੀ ਹਨ। ਇਸ ਲਈ ਤੁਹਾਨੂੰ ਜ਼ਬਰੀ ਸਮਝੌਤਾ ਕਰਾਉਣ ਲਈ ਦਬਾਅ ਪਾਣ 'ਚ ਮੇਰੀ ਕੋਈ ਵਿੱਤੀ ਚਾਹਤ ਨਹੀਂ ਹੁੰਦੀ।

### ਸਾਲਸੀ ਦੌਰਾਨ ਯਾਦ ਰੱਖਣ ਵਾਲ਼ੀ ਸਭ ਤੋਂ ਮਹੱਤਵ ਪੂਰਨ ਗੱਲ ਕਿਹੜੀ ਹੈ?

ਕਿਸੇ ਨਿਜੀ ਸੱਟ ਕਲੇਮ ਦਾ ਸਮਝੌਤਾ ਪੈਸੇ ਨਾਲ਼ ਹੀ ਹੁੰਦਾ ਹੈ। ਅੰਤ 'ਚ ਸਾਰੀ ਜਾਣਕਾਰੀ ਅਤੇ ਗੱਲਾਂ ਇੱਕ ਅੰਕੜੇ 'ਤੇ ਆ ਪਹੁੰਚਦੀਆਂ ਹਨ। ਉਹ ਅੰਕੜਾ ਠੀਕ ਜਾਂ ਗਲਤ ਬਾਰੇ ਨਹੀਂ ਹੁੰਦਾ। ਇਹ ਹਰ ਪਾਰਟੀ ਦੀ ਆਪਣੇ ਅੰਦਾਜ਼ੇ ਦੀ ਉਸ ਹੱਦ ਨਾਲੋਂ ਘੱਟ ਜਾਂ ਵੱਧ ਨਹੀਂ ਹੁੰਦਾ ਜੋ ਉਹ ਕੇਸ ਲੜਨ ਦੇ ਬਦਲ ਵਜੋਂ ਮੰਨਣ ਨੂੰ ਤਿਆਰ ਹਨ। ਜੇ ਤੁਸੀਂ ਇਸ ਅੰਕੜੇ ਨੂੰ ਸਵੀਕਾਰ ਕਰ ਲੈਂਦੇ ਹੋ ਤਾਂ ਗੱਲ ਮੁੱਕ ਗਈ ਜੇ ਨਹੀਂ ਤਾਂ ਤੁਸੀਂ ਬਿਨਾ ਰੋਕ ਟੋਕ ਕੇਸ ਲੜ ਸਕਦੇ ਹੋ।

ਇੱਕ ਵਾਰ ਫੇਰ ਦੱਸ ਦੇਈਏ ਸੱਟ ਚੋਟ ਲੱਗਣ ਵਾਲ਼ੀ ਧਿਰ ਅਤੇ ਉਹ ਜਿਹੜੇ ਇਸ ਬਾਰੇ ਪੜ੍ਹਦੇ ਹਨ ਜ਼ਰੂਰੀ ਨਹੀਂ ਕਿ ਇਸ ਸਬੰਧੀ ਸਹਿਮਤ ਹੋਣ। ਸ਼ੁਕਰ ਹੈ ਕਿ ਦਿਨ ਦੇ ਅਖੀਰ 'ਚ ਜਿਸ ਗੱਲ 'ਤੇ ਤੁਸੀਂ ਸਹਿਮਤ ਹੋਣਾ ਹੈ ਉਹ ਇੱਕ ਨੰਬਰ ਹੀ ਹੈ।